# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

## ਨੋਟਿਸ

ਮਾਨਯੋਗ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਕੀਤੇ ਹੁਕਮਾਂ ਅਨੁਸਾਰ ਮਾਸਟਰ/ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਤਿਆਰ ਕਰਨ ਲਈ ਦਿਸਾ ਨਿਰਦੇਸ ਦਿੱਤੇ ਗਏ ਸਨ। ਇਹਨਾਂ ਦਿਸ਼ਾ ਨਿਰਦੇਸ਼ਾ ਅਨੁਸਾਰ ਵਿਭਾਗ ਵਲੋ ਮਾਸਟਰ /ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਤਿਆਰ ਕਰਕੇ ਮਿਤੀ 12-12-2017 ਨੂੰ ਜਾਰੀ ਕੀਤੀ ਗਈ ਸੀ। ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਨੂੰ ਕੁੱਝ ਅਧਿਅਪਕਾਂ ਵਲੋ ਮਾਨਯੋਗ ਹਾਈ ਕੋਰਟ ਵਿਖੇ ਸਿਵਲ ਰਿਟ ਪਟੀਸਨ ਨੰ: 3491 ਆਫ 2018 ਦਾਇਰ ਕਰਕੇ ਚੈਲਿੰਜ ਕੀਤਾ ਗਿਆ। ਮਾਨਯੋਗ ਹਾਈ ਕੋਰਟ ਵਲੋ ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਤੇ ਰੋਕ ਲਗਾ ਦਿੱਤੀ ਗਈ। ਇਸ ਉਪਰੰਤ ਵਿਭਾਗ ਵਲੋ ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਹੁਕਮ ਨੰ: 16/3-2017 ਅਮਲਾ-2(6), ਅਮਲਾ-3(4)/201821031, ਮਿਤੀ 08-06-2018 ਰਾਹੀ ਵਾਪਿਸ ਲੈ ਲਈ ਗਈ। ਹੁਣ ਮਾਨਯੋਗ ਹਾਈ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 3491 ਆਫ 2018 ਵਿਚ ਫੈਸਲਾ ਦਿੰਦੇ ਹੋਏ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਰੂਲਾਂ ਅਤੇ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਦਿਤੀਆ ਗਈਆਂ ਗਾਇਡਲਾਇਨਜ ਅਨੁਸਾਰ ਨਵੇ ਸਿਰੇ ਤੋ ਤਿਆਰ ਕਰਨ ਦੇ ਆਦੇਸ ਦਿੱਤੇ ਗਏ ਹਨ।

ਉਪਰੋਕਤ ਹੁਕਮਾਂ ਦੇ ਸਨਮੁੱਖ ਮਾਸਟਰ/ ਮਿਸਟ੍ਰੈਸ ਕਾਡਰ ਦੀ ਆਰਜੀ ਸੀਨੀਆਰਤਾ ਸੂਚੀ ਤਿਆਰ ਕਰਕੇ ਮਿਤੀ 05-11-2018 ਨੂੰ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਅਪਲੋਡ ਕਰਕੇ ਮਿਤੀ 12-11-2018 ਤੱਕ ਇਤਰਾਜ ਭੇਜਣ ਲਈ ਨੋਟਿਸ ਵਿਭਾਗ ਦੀ ਵੈਬ ਸਾਇਟ ਅਪਲੋਡ ਕੀਤਾ ਗਿਆ ਸੀ। ਦਫਤਰ ਵਿਖੇ ਇਸ ਸੀਨੀਆਰਤਾ ਦੇ ਸਬੰਧ ਵਿਚ ਕੁੱਝ ਇਤਰਾਜ ਪ੍ਰਾਪਤ ਹੋਏ ਸਨ, ਜਿਹਨਾਂ ਵਿਚ ਮੁੱਖ ਇਤਰਾਜ ਸਾਲ 1994 ਦੇ ਇਸਤਿਹਾਰ ਅਧੀਨ ਭਰਤੀ ਅਧਿਆਪਕਾ ਨੂੰ ਇਕ ਬੈਚ ਮੰਨਦੇ ਹੋਏ ਅਤੇ ਸਾਲ 1996 ਦੇ ਇਸਤਿਹਾਰ ਅਧੀਨ ਭਰਤੀ ਅਧਿਆਪਕਾਂ ਨੂੰ ਇਕ ਬੈਚ ਮੰਨਦੇ ਹੋਏ ਮੈਰਿਟ ਦੇ ਆਧਾਰ ਤੇ ਸੀਨੀਆਰਤਾ ਨੰਬਰ ਅਲਾਟ ਕਰਨ ਦਾ ਲਈ ਕਿਹਾ ਗਿਆ ਸੀ।

ਇਹਨਾ ਇਤਾਰਜਾਂ ਨੂੰ ਮਾਨਯੋਗ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਕੀਤੇ ਹੁਕਮਾਂ ਅਤੇ ਸਵਲ ਰਿਟ ਪਟੀਸਨ ਨੰ: 3491 ਆਫ 2018 ਵਿਚ ਕੀਤੇ ਗਏ ਹੁਕਮਾਂ ਅਨੁਸਾਰ ਵਿਚਾਰਿਆ ਗਿਆ ਅਤੇ ਸੀਨੀਆਰਤਾ ਸੂਚੀ ਵਿਚ ਲੋੜੀਦੀਆਂ ਸੋਧਾ ਕੀਤੀਆ ਗਈਆ ਹਨ।

ਸੋਧਾਂ ਉਪਰੰਤ ਤਿਆਰ ਕੀਤੀ ਆਰਜੀ ਸੀਨੀਆਰਤਾ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਅਪਲੋਡ ਕਰ ਦਿੱਤੀ ਗਈ ਹੈ। ਜੇਕਰ ਇਸ ਆਰਜੀ ਸੀਨੀਆਰਤਾ ਸੂਚੀ ਵਿਚ ਕਿਸੇ ਅਧਿਆਪਕ ਨੂੰ ਕਿਸੇ ਕਿਸਮ ਦਾ ਕੋਈ ਵੀ ਇਤਰਾਜ ਹੋਵੇ, ਉਹ ਇਸ ਸਬੰਧੀ ਇਤਰਾਜ ਮਿਤੀ 05-06-2019

**ਤੱਕ ਡਾਇਰੈਕਟੋਰੇਟ ਵਿਖੇ ਈ-ਪੰਜਾਬ ਸਕੂਲ ਪੋਰਟਲ ਦੇ Staff Login ਲਿੰਕ ਅਧੀਨ ਭੇਜ ਸਕਦੇ ਹਨ।** Staff Login ਵਿਚ ਮਾਸਟਰ / ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਦਾ ਅਲੱਗ ਤੋ ਲਿੰਕ ਬਣਾਇਆ ਗਿਆ ਹੈ। ਇਸ ਲਿੰਕ ਵਿਚ ਇਤਰਾਜ ਵਾਲੇ ਕਾਲਮ ਵਿਚ ਸਪਸ਼ਟ ਤੌਰ ਤੇ ਲਿੱਖਿਆ ਜਾਵੇ ਕਿ ਅਧਿਆਪਕ ਨੂੰ ਸੀਨੀਆਰਤਾ ਸੁਚੀ ਬਾਰੇ ਕੀ ਇਤਰਾਜ ਹੈ। ਅਗਰ ਅਧਿਆਪਕ ਦਾ ਨਾਮ ਆਰਜੀ ਸੀਨੀਆਰਤਾ ਸੁਚੀ ਵਿਚ ਸ਼ਾਮਲ ਨਹੀ ਹੈ ਤਾਂ ਉਹ ਇਤਰਾਜ ਵਾਲੇ ਕਾਲਮ ਵਿਚ ਪੂਰੇ ਵੇਰਵੇ ਦਰਜ ਕਰੇਗਾ।

**ਕੋਈ ਵੀ ਇਤਰਾਜ Grievances Link ਤੇ ਅਤੇ ਡਾਕ ਰਾਹੀ ਨਾ ਭੇਜਿਆ ਜਾਵੇ। Grievances Link ਤੇ ਅਤੇ ਡਾਕ ਰਾਹੀ ਭੇਜੇ ਗਏ ਇਤਰਾਜਾਂ ਤੇ ਵਿਚਾਰ ਨਹੀ ਕੀਤਾ ਜਾਵੇਗਾ।**

ਇਸ ਸੀਨੀਆਰਤਾ ਸੂਚੀ ਵਿਚ ਸਾਰੇ ਰੈਗੂਲਰ ਭਰਤੀ ਅਧਿਆਪਕਾਂ ਦੇ ਨਾਮ ਸ਼ਾਮਲ ਕੀਤੇ ਗਏ ਹਨ। ਮਿਤੀ 05-06-2019 ਤੋ ਬਾਅਦ ਪ੍ਰਾਪਤ ਕਿਸੇ ਵੀ ਇਤਰਾਜ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮੀਮੋ ਨੰ: 9/131-2018 ਅਮਲਾ-3(4)

ਮਿਤੀ :- 29-05-2019